3.83 ਲੱਖ ਮੀਟਰਕ ਟਨ ਝੋਨਾ ਮੰਡੀਆਂ 'ਚ ਪਹੁੰਚਿਆ, ਕਿਸਾਨਾਂ ਨੂੰ 188 ਕਰੋੜ ਰੁਪਏ ਦੀ ਅਦਾਇਗੀ

ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੂਬੇ ਭਰ ਵਿਚ ਝੋਨੇ ਦੀ ਨਿਰਵਿਘਨ ਅਤੇ ਸੁਚਾਰੂ ਖਰੀਦ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ ਅਤੇ ਖਰੀਦ ਪ੍ਰਕਿਰਿਆ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਮੰਤਰੀ ਨੇ ਦਸਿਆ ਕਿ ਹੁਣ ਤਕ ਪੰਜਾਬ ਦੀਆਂ ਮੰਡੀਆਂ ਵਿਚ 3.83 ਲੱਖ ਮੀਟਰਕ ਟਨ ਝੋਨੇ ਦੀ ਆਮਦ ਹੋ ਚੁੱਕੀ ਹੈ, ਜਿਸ ਵਿਚੋਂ ਖਰੀਦ ਏਜੰਸੀਆਂ ਵਲੋਂ 3.44 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁਕੀ ਹੈ। ਖ਼ਰੀਦੇ ਝੋਨੇ ਦੇ ਬਦਲੇ ਕਿਸਾਨਾਂ ਨੂੰ 188 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਲਿਫਟਿੰਗ ਦੀ ਰਫ਼ਤਾਰ ਹੋਰ ਤੇਜ਼ ਕੀਤੀ ਜਾਵੇਗੀ ਅਤੇ ਮੰਡੀਆਂ ਵਿਚ ਬਾਰਦਾਨੇ ਦੀ ਕੋਈ ਘਾਟ ਨਹੀਂ ਹੈ। ਕਟਾਰੂਚੱਕ ਨੇ ਕਿਹਾ ਕਿ ਸਰਕਾਰੀ ਕੋਟੇ ਲਈ ਨਿਰਧਾਰਤ 180 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਦਾ ਟੀਚਾ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਦਸਿਆ ਕਿ ਖ਼ਰੀਦ ਕਾਰਜਾਂ ਲਈ ਭਾਰਤੀ ਰਿਜ਼ਰਵ ਬੈਂਕ ਵਲੋਂ 42,700 ਕਰੋੜ ਰੁਪਏ ਦੀ ਨਕਦ ਕਰਜ਼ਾ ਸੀਮਾ ਮਨਜ਼ੂਰ ਕੀਤੀ ਜਾ ਚੁੱਕੀ ਹੈ। ਮੰਤਰੀ ਨੇ ਕਿਸਾਨਾਂ, ਆੜ੍ਹਤੀਆਂ ਅਤੇ ਹੋਰ ਸਬੰਧਤ ਧਿਰਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਲਈ। ਉਨ੍ਹਾਂ ਦੀ ਮੌਜੂਦਗੀ ਵਿਚ ਪਨਸਪ ਵਲੋਂ ਤ੍ਰਿਪੜੀ ਵਾਸੀ ਮਨਦੀਪ ਸਿੰਘ ਦੀ ਝੋਨੇ ਦੀ ਫ਼ਸਲ ਦੀ ਖ਼ਰੀਦ ਵੀ ਕੀਤੀ ਗਈ।

ਸਾਡੀ ਸਰਕਾਰ ਮਾਵਾਂ-ਧੀਆਂ ਦੇ ਫ਼ੋਨ 'ਤੇ 'ਟੂੰ-ਟੂੰ' ਦੇ ਸੁਨੇਹੇ ਕਦੇ ਬੰਦ ਨਹੀਂ ਹੋਣ ਦੇਵੇਗੀ: ਮੁੱਖ ਮੰਤਰੀ

ਸਰਦੂਲਗੜ੍ਹ, 5 ਅਕਤੂਬਰ (ਸਿੱਧੂ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਅਪਨੀਆਂ ਲੋਕ-ਪੱਖੀ ਨੀਤੀਆਂ ਨੂੰ ਨਿਰੰਤਰ ਜਾਰੀ ਰੱਖੇਗੀ, ਜਿਨ੍ਹਾਂ ਵਿਚ ਔਰਤਾਂ ਲਈ

ਕਾਂਗਰਸ, ਅਕਾਲੀ ਦਲ ਤੇ ਭਾਜਪਾ ਔਰਤਾਂ ਨੂੰ ਮਹੀਨਾਵਾਰ ਵਿੱਤੀ ਸਹਾਇਤਾ ਦੇਣ ਦੇ ਵਿਰੋਧ 'ਚ

'ਮਾਵਾਂ-ਧੀਆਂ ਸਤਿਕਾਰ ਯੋਜਨਾ', ਘਰਾਂ ਲਈ ਮੁਫ਼ਤ ਬਿਜਲੀ, ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਸਪਲਾਈ ਅਤੇ "ਨੋ ਕੈਸ਼, ਨੋ ਫ਼ਰਮਾਇਸ਼" ਦੀ ਪਾਰਦਰਸ਼ੀ ਪ੍ਰਣਾਲੀ ਰਾਹੀਂ ਸਰਕਾਰੀ ਨੌਕਰੀਆਂ ਦੇਣਾ ਸ਼ਾਮਲ ਹੈ। ਇਸ ਦੇ ਨਾਲ ਹੀ ਉਨ੍ਹਾਂ ਭਾਜਪਾ, ਕਾਂਗਰਸ ਅਤੇ ਅਕਾਲੀ ਦਲ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਇਹ ਪਾਰਟੀਆਂ ਇਨ੍ਹਾਂ ਲੋਕ ਭਲਾਈ ਕਾਰਜਾਂ ਦਾ ਵਿਰੋਧ ਕਰ ਰਹੀਆਂ ਹਨ ਅਤੇ ਉਨ੍ਹਾਂ ਕੋਲ ਪੰਜਾਬ ਲਈ ਕੋਈ ਸਪੱਸ਼ਟ ਵਿਜ਼ਨ ਨਹੀਂ ਹੈ। ਸਰਦੂਲਗੜ੍ਹ ਹਲਕੇ ਵਿਚ 'ਲੋਕ ਮਿਲਣੀ' ਪ੍ਰੋਗਰਾਮ ਦੌਰਾਨ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਕੀਤੇ ਵਾਅਦਿਆਂ ਨਾਲੋਂ ਵੱਧ ਕੰਮ ਕਰ ਕੇ ਦਿਖਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਸਰਕਾਰ ਦੇ ਕੰਮਕਾਜ ਵਿੱਚ ਬੁਨਿਆਦੀ ਤਬਦੀਲੀ ਦੇਖੀ ਹੈ, ਜਿੱਥੇ ਲੋਕਾਂ ਦਾ ਪੈਸਾ ਭਲਾਈ, ਸਿੱਖਿਆ, ਸਿਹਤ ਸੰਭਾਲ, ਬਿਜਲੀ, ਸਿੰਜਾਈ ਅਤੇ ਰੋਜ਼ਗਾਰ ਲਈ ਖ਼ਰਚਿਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ, "ਜਦੋਂ ਵੀ ਔਰਤਾਂ ਦੇ ਬੈਂਕ ਖਾਤਿਆਂ ਵਿਚ ਵਿੱਤੀ ਸਹਾਇਤਾ ਪਹੁੰਚਦੀ ਹੈ ਤਾਂ ਉਨ੍ਹਾਂ ਦੇ ਚਿਹਰਿਆਂ 'ਤੇ ਝਲਕਦੀ ਖ਼ੁਸ਼ੀ ਇਸ ਲੋਕ-ਪੱਖੀ ਸ਼ਾਸਨ ਦੇ ਪ੍ਰਭਾਵ ਦੀ ਗਵਾਹੀ ਭਰਦੀ ਹੈ। ਸਾਡੀ ਸਰਕਾਰ ਪੰਜਾਬ ਦੀਆਂ ਮਾਵਾਂ-ਭੈਣਾਂ ਦੇ ਮੋਬਾਈਲ ਫ਼ੋਨਾਂ 'ਤੇ ਆਉਣ ਵਾਲੇ ਟੂੰ-ਟੂੰ ਦੇ ਸੁਨੇਹੇ ਕਦੇ ਬੰਦ ਨਹੀਂ ਹੋਣ ਦੇਵੇਗੀ। ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ 'ਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪਾਰਟੀਆਂ ਔਰਤਾਂ ਨੂੰ ਦਿਤੀ ਜਾ ਰਹੀ ਮਹੀਨਾਵਾਰ ਵਿੱਤੀ ਸਹਾਇਤਾ ਦਾ ਵਿਰੋਧ ਕਰ ਰਹੀਆਂ ਹਨ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਸਰਕਾਰੀ ਸਕੀਮਾਂ ਦੇ ਲਾਭ ਕੁੱਝ ਪ੍ਰਭਾਵਸ਼ਾਲੀ ਵਰਗਾਂ ਤਕ ਸੀਮਤ ਰੱਖਣ ਦੀ ਬਜਾਏ ਔਰਤਾਂ, ਕਿਸਾਨਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਅਪਣੇ ਪ੍ਰਸ਼ਾਸਨਿਕ ਮਾਡਲ ਦੇ ਕੇਂਦਰ ਵਿਚ ਰੱਖਿਆ ਹੈ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਖੇਤੀਬਾੜੀ ਲਈ ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲਦੀ ਰਹੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਖੇਤੀ ਅਰਥਚਾਰੇ ਲਈ ਭਰੋਸੇਯੋਗ ਬਿਜਲੀ ਸਪਲਾਈ ਬੇਹੱਦ ਜ਼ਰੂਰੀ ਹੈ। ਰੋਜ਼ਗਾਰ ਦੇ ਮੁੱਦੇ 'ਤੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ ਉਨ੍ਹਾਂ ਦੀ ਸਰਕਾਰ ਦੀਆਂ ਮੁੱਖ ਤਰਜੀਹਾਂ ਵਿਚੋਂ ਇਕ ਰਿਹਾ ਹੈ ਅਤੇ ਨਾਲ ਹੀ ਕਿਹਾ ਕਿ ਅਸੀਂ ਭਰਤੀ ਪ੍ਰਕਿਰਿਆ ਵਿੱਚ ਵਿਆਪਕ ਸੁਧਾਰ ਕੀਤੇ ਹਨ, ਜਿਸ ਨਾਲ ਨੌਜਵਾਨਾਂ ਲਈ ਬਿਨਾਂ ਕਿਸੇ ਪੈਸੇ ਜਾਂ ਸਿਫ਼ਾਰਸ਼ ਤੋਂ ਯੋਗਤਾ ਦੇ ਆਧਾਰ 'ਤੇ ਨੌਕਰੀ ਦੇ ਰਾਹ ਖੁਲ੍ਹੇ ਹਨ।

'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦਾ 258ਵਾਂ ਦਿਨ: ਪੰਜਾਬ ਪੁਲਿਸ ਵਲੋਂ 575 ਥਾਈਂ ਛਾਪੇਮਾਰੀ; 231 ਕਾਬੂ

ਚੰਡੀਗੜ੍ਹ, 5 ਅਕਤੂਬਰ (ਸਸਸ) : ਸੂਬੇ ਵਿਚ ਚੱਲ ਰਹੀ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੇ 258ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਅਤੇ ਮੈਪ ਕੀਤੇ 575 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। 258ਵੇਂ ਦਿਨ, ਪੁਲਿਸ ਟੀਮਾਂ ਨੇ 231 ਵਿਅਕਤੀਆਂ ਨੂੰ ਦੋ ਹਥਿਆਰਾਂ ਸਮੇਤ ਕਾਬੂ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ 76,330 ਗ੍ਰਿਫ਼ਤਾਰੀਆਂ ਹੋਈਆਂ ਹਨ। ਇਸ ਤੋਂ ਇਲਾਵਾ 232 ਵਿਅਕਤੀਆਂ ਵਿਰੁਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ। ਪੁਲਿਸ ਟੀਮਾਂ ਨੇ ਇਸ ਮੁਹਿੰਮ ਦੌਰਾਨ ਸੱਤ ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁਧ ਆਪਣੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ 583ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 188 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਕੋਲੋਂ 1.7 ਕਿਲੋ ਹੈਰੋਇਨ, 2778 ਨਸ਼ੀਲੀਆਂ ਗੋਲੀਆਂ ਅਤੇ 19,640 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਦੇ ਨਾਲ ਹੀ, ਸਿਰਫ਼ 583 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 82,509 ਤਕ ਪਹੁੰਚ ਗਈ ਹੈ।

ਸੜਕ ਹਾਦਸੇ 'ਚ ਦੋ ਨੌਜਵਾਨਾਂ ਦੀ ਮੌਤ

ਰਾਮਪੁਰਾ ਫੂਲ, 5 ਅਕਤੂਬਰ (ਬੱਲੀ) : ਐਤਵਾਰ ਦੇਰ ਸ਼ਾਮ ਮੌੜ ਰੋਡ 'ਤੇ ਪਿੰਡ ਮੰਡੀ ਕਲਾਂ ਨੇੜੇ ਵਾਪਰੇ ਸੜਕ ਹਾਦਸੇ ਵਿਚ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਦੀ ਮੌਤ ਹੋ ਗਈ। ਹਾਦਸੇ ਤੋਂ ਬਾਅਦ ਮੌਕੇ 'ਤੇ ਮੌਜੂਦ ਲੋਕਾਂ ਨੇ ਦੋਵਾਂ ਨੂੰ ਨਿੱਜੀ ਵਾਹਨ ਰਾਹੀਂ ਸਿਵਲ ਹਸਪਤਾਲ ਰਾਮਪੁਰਾ ਫੂਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿਤਾ। ਮ੍ਰਿਤਕਾਂ ਦੀ ਪਛਾਣ ਪਿੰਡ ਮੰਡੀ ਕਲਾਂ ਵਾਸੀ ਦੀਪਕ ਸਿੰਘ (20) ਪੁੱਤਰ ਭਰਪੂਰ ਸਿੰਘ ਅਤੇ ਅਰਸ਼ਦੀਪ ਸਿੰਘ (45) ਪੁੱਤਰ ਬੋਘੜ ਸਿੰਘ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਦੋਵੇਂ ਨੌਜਵਾਨ ਐਤਵਾਰ ਦੇਰ ਸ਼ਾਮ ਮੋਟਰਸਾਈਕਲ 'ਤੇ ਰਾਮਪੁਰਾ ਫੂਲ ਤੋਂ ਅਪਣੇ ਪਿੰਡ ਮੰਡੀ ਕਲਾਂ ਵੱਲ ਜਾ ਰਹੇ ਸਨ। ਪਿੰਡ ਦੇ ਨੇੜੇ ਪਹੁੰਚਣ 'ਤੇ ਉਨ੍ਹਾਂ ਦੇ ਮੋਟਰਸਾਈਕਲ ਦੀ ਇਕ ਟਰੱਕ-ਟਰਾਲੇ ਨਾਲ ਟੱਕਰ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਦੋਵਾਂ ਦੀ ਮੌਤ ਹੋ ਗਈ।

ਅੰਮ੍ਰਿਤਸਰ 'ਚ ਡਿਊਟੀ ਤੋਂ ਪਰਤ ਰਹੇ ਏਐਸਆਈ 'ਤੇ ਚਲਾਈਆਂ ਗੋਲੀਆਂ, ਵਾਲ-ਵਾਲ ਬਚੀ ਜਾਨ

ਅੰਮ੍ਰਿਤਸਰ, 5 ਅਕਤੂਬਰ (ਵਿੱਕੀ ਉਮਰਾਨੰਗਲ) : ਰੇਲਵੇ ਪੁਲਿਸ ਅੰਮ੍ਰਿਤਸਰ ਵਿਚ ਤਾਇਨਾਤ ਏ ਐਸ ਆਈ ਸੁਖਚੈਨ ਸਿੰਘ 'ਤੇ ਐਤਵਾਰ ਦੇਰ ਸ਼ਾਮ ਮੋਟਰਸਾਈਕਲ ਸਵਾਰ ਤਿੰਨ ਅਣਪਛਾਤੇ ਹਮਲਾਵਰਾਂ ਵਲੋਂ ਗੋਲੀ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਹਮਲੇ ਦੌਰਾਨ ਗੋਲੀ ਏ ਐਸ ਆਈ ਦੀ ਬਾਂਹ ਨੂੰ ਲੱਗਦੀ ਹੋਈ ਲੰਘ ਗਈ, ਜਿਸ ਕਾਰਨ ਉਹ ਜ਼ਖਮੀ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਅਜਨਾਲਾ ਵਿਖੇ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਪੁਲਿਸ ਅਨੁਸਾਰ ਏ ਐਸ ਆਈ ਸੁਖਚੈਨ ਸਿੰਘ ਡਿਊਟੀ ਖਤਮ ਕਰਨ ਉਪਰੰਤ ਅਪਣੇ ਮੋਟਰਸਾਈਕਲ 'ਤੇ ਘਰ ਵਾਪਸ ਜਾ ਰਹੇ ਸਨ। ਜਦੋਂ ਉਹ ਜਗਦੇਵ ਖੁਰਦ ਨੇੜੇ ਪਹੁੰਚੇ ਤਾਂ ਪਿੱਛੋਂ ਆਏ ਤਿੰਨ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਉਨ੍ਹਾਂ 'ਤੇ ਗੋਲੀ ਚਲਾ ਦਿਤੀ। ਹਮਲਾਵਰ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫ਼ਰਾਰ ਹੋ ਗਏ। ਦਸਿਆ ਜਾ ਰਿਹਾ ਹੈ ਕਿ ਹਮਲੇ ਸਮੇਂ ਏ ਐਸ ਆਈ ਸੁਖਚੈਨ ਸਿੰਘ ਪੁਲਿਸ ਵਰਦੀ ਵਿਚ ਨਹੀਂ ਸਨ। ਪੁਲਿਸ ਵਲੋਂ ਘਟਨਾ ਵਾਲੇ ਸਥਾਨ ਦਾ ਜਾਇਜ਼ਾ ਲੈ ਕੇ ਤਕਨੀਕੀ ਸਬੂਤਾਂ ਸਮੇਤ ਹਰ ਪੱਖ ਤੋਂ ਜਾਂਚ ਸ਼ੁਰੂ ਕਰ ਦਿਤੀ ਗਈ ਹੈ। ਡੀ ਜੀ ਪੀ ਪ੍ਰਵੀਨ ਕੁਮਾਰ ਸਿਨਹਾ ਲਾਅ ਐਂਡ ਆਡਰ ਵਲੋਂ ਘਟਨਾ ਸਥਾਨ ਦਾ ਲਿਆ ਜਾਇਜ਼ਾ ਤੇ ਸਿਵਲ ਹਸਪਤਾਲ ਜਾ ਕੇ ਏ ਐਸ ਆਈ ਸੁਖਚੈਨ ਸਿੰਘ ਦਾ ਹਾਲ ਚਾਲ ਪੁੱਛਿਆ। ਇਸ ਮੌਕੇ ਉਨ੍ਹਾਂ ਨਾਲ ਆਈ ਜੀ ਗੁਰਪ੍ਰੀਤ ਸਿੰਘ ਭੁੱਲਰ, ਐਸ ਐਸ ਪੀ ਅੰਮ੍ਰਿਤਸਰ ਦਿਹਾਤੀ ਕੰਵਲਪ੍ਰੀਤ ਸਿੰਘ ਚਾਹਲ ਨੇ ਦਸਿਆ ਕਿ ਪੁਲਿਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਹਮਲੇ ਦੇ ਕਾਰਨਾਂ ਅਤੇ ਹਮਲਾਵਰਾਂ ਦੀ ਪਛਾਣ ਕਰਨ ਲਈ ਪੁਲਿਸ ਟੀਮਾਂ ਕੰਮ ਕਰ ਰਹੀਆਂ ਹਨ। ਇਸ ਸਬੰਧੀ ਥਾਣਾ ਅਜਨਾਲਾ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਇਹ ਘਟਨਾ ਅੰਮ੍ਰਿਤਸਰ ਵਿਚ ਪਿਛਲੇ ਮਹੀਨੇ ਏ ਐਸ ਆਈ ਹਰਜੀਤ ਸਿੰਘ ਦੀ ਗੋਲੀ ਮਾਰ ਕੇ ਕੀਤੀ ਗਈ ਹੱਤਿਆ ਤੋਂ ਬਾਅਦ ਸਾਹਮਣੇ ਆਈ ਹੈ, ਜਿਸ ਕਾਰਨ ਪੁਲਿਸ ਮੁਲਾਜ਼ਮਾਂ ਦੀ ਸੁਰੱਖਿਆ ਨੂੰ ਲੈ ਕੇ ਵੀ ਸਵਾਲ ਖੜੇ ਹੋ ਰਹੇ ਹਨ।

ਦਸਵੀਂ ਤੇ ਬਾਰ੍ਹਵੀਂ ਦੀਆਂ ਪ੍ਰੀਖਿਆਵਾਂ ਲਈ ਫ਼ਾਰਮ ਭਰਨ ਦਾ ਪ੍ਰੋਗਰਾਮ ਜਾਰੀ

ਐਸ.ਏ.ਐਸ. ਨਗਰ, 5 ਅਕਤੂਬਰ (ਸਤਵਿੰਦਰ ਸਿੰਘ ਧੜਾਕ) : ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਫਰਵਰੀ-ਮਾਰਚ 2027 ਵਿੱਚ ਹੋਣ ਵਾਲੀਆਂ ਰੈਗੂਲਰ ਪ੍ਰੀਖਿਆਵਾਂ ਲਈ ਪ੍ਰੀਖਿਆ ਫਾਰਮ ਭਰਨ ਅਤੇ ਫੀਸ ਜਮ੍ਹਾਂ ਕਰਵਾਉਣ ਸਬੰਧੀ ਸ਼ਡਿਊਲ ਜਾਰੀ ਕਰ ਦਿਤਾ ਗਿਆ ਹੈ। ਬੋਰਡ ਵਲੋਂ ਜਾਰੀ ਇਹ ਸ਼ਡਿਊਲ ਸਬੰਧਤ ਸਕੂਲਾਂ ਦੀ ਲਾਗਇਨ ਆਈ.ਡੀ. 'ਤੇ ਉਪਲਬਧ ਕਰਵਾਇਆ ਗਿਆ ਹੈ। ਬੋਰਡ ਵਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਜੇਕਰ ਕਿਸੇ ਸੰਸਥਾ ਜਾਂ ਸਕੂਲ ਵਲੋਂ ਜਾਰੀ ਸ਼ਡਿਊਲ ਅਨੁਸਾਰ ਨਿਰਧਾਰਤ ਸਮੇਂ ਅੰਦਰ ਲੋੜੀਂਦੀ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਇਸ ਦੀ ਸਮੁੱਚੀ ਜ਼ਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ। ਅਜਿਹੀ ਸਥਿਤੀ ਵਿਚ ਬੋਰਡ ਨਾਲ ਸਬੰਧਤ ਸਹਿਯੋਗੀ ਜਾਂ ਮਾਨਤਾ ਪ੍ਰਾਪਤ ਸੰਸਥਾਵਾਂ ਖ਼ਿਲਾਫ਼ ਮਾਨਤਾ ਨਿਯਮਾਂ ਅਧੀਨ ਵਿਧੀ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸੇ ਤਰ੍ਹਾਂ ਸਰਕਾਰੀ ਸਕੂਲਾਂ ਦੇ ਮਾਮਲਿਆਂ ਵਿਚ ਸਬੰਧਤ ਸਕੂਲ ਦੇ ਪ੍ਰਿੰਸੀਪਲ ਜਾਂ ਮੁੱਖ ਅਧਿਆਪਕ ਖ਼ਿਲਾਫ਼ ਨਿਯਮਾਂ ਅਨੁਸਾਰ ਕਾਰਵਾਈ ਕਰਨ ਲਈ ਮਾਮਲਾ ਸਿੱਖਿਆ ਵਿਭਾਗ ਦੇ ਡਾਇਰੈਕਟਰ (ਐਲੀਮੈਂਟਰੀ/ਸੈਕੰਡਰੀ) ਨੂੰ ਭੇਜਿਆ ਜਾਵੇਗਾ। ਬੋਰਡ ਨੇ ਸਕੂਲ ਮੁਖੀਆਂ ਨੂੰ ਜਾਰੀ ਸ਼ਡਿਊਲ ਅਨੁਸਾਰ ਸਮੇਂ ਸਿਰ ਪ੍ਰੀਖਿਆ ਫਾਰਮ ਅਤੇ ਫੀਸ ਸਬੰਧੀ ਕਾਰਵਾਈ ਮੁਕੰਮਲ ਕਰਨ ਲਈ ਕਿਹਾ ਹੈ।

ਡਿਮਾਂਡ ਨੋਟਿਸ

ਸਿਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ਲ ਅਸੈਟਸ ਅਤੇ ਇਨਫ਼ੋਰਸਮੈਂਟ ਆਫ਼ ਸਿਕਿਉਰਿਟੀ ਇੰਟਰਸਟ ਐਕਟ 2002 (ਦੱਸੇ ਗਏ ਐਕਟ) ਦੇ ਸੈਕਸ਼ਨ 13(2)ਅਧੀਨ ਅਤੇ ਸਿਕਿਉਰਿਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 (ਦੱਸੇ ਗਏ ਰੂਲ) ਦੇ ਨਿਯਮ 3(1) ਨਾਲ ਪੜ੍ਹੇ ਜਾਂਦੇ ਅਧੀਨ ਦੱਸੇ ਗਏ ਐਕਟ ਦੇ ਸੈਕਸ਼ਨ 13(12) ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਆਈਆਈਐਫਐਲ ਹੋਮ ਫਾਇਨਾਂਸ ਲਿਮ. (ਆਈਆਈਐਫਐਲ ਐਚਐਫਐਲ) (ਪਹਿਲਾਂ ਇੰਡੀਆ ਇੰਡੀਆ ਇਨਫੋਲਾਈਨ ਹਾਊਸਿੰਗ ਫਾਇਨਾਂਸ ਲਿਮ. ਵਜੋਂ ਜਾਣੇ ਜਾਂਦੇ) ਦੇ ਅਧਿਕਾਰਤ ਅਫ਼ਸਰ ਵੱਲੋਂ ਦੱਸੇ ਐਕਟ ਦੇ ਸੈਕਸ਼ਨ 13(2) ਤਹਿਤ ਡਿਮਾਂਡ ਨੋਟਿਸ ਜਾਰੀ ਕਰ ਕੇ ਇਨ੍ਹਾਂ ਕਰਜ਼ਦਾਰਾਂ ਨੂੰ ਸਬੰਧਤ ਡਿਮਾਂਡ ਨੋਟਿਸਾਂ ਵਿਚ ਦਰਸਾਈ ਰਾਸ਼ੀ ਦਾ ਭੁਗਤਾਨ ਕਰਨ ਲਈ ਕਿਹਾ ਗਿਆ। ਉਪਰ ਦੱਸੇ ਨੋਟਿਸ ਦੇ ਸਬੰਧ ਵਿਚ ਇਕ ਵਾਰ ਮੁੜ ਤੋਂ ਕਰਜ਼ਦਾਰਾਂ ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 60 ਦਿਨਾਂ ਦੇ ਅੰਦਰ ਅੰਦਰ ਹੇਠਾਂ ਦਰਸਾਏ ਖਾਤੇ ਵਿਚ ਦੱਸੀ ਰਕਮ ਸਮੇਤ ਅਗਾਊਂ ਵਿਆਜ ਅਦਾ ਕਰਨ ਲਈ ਕਿਹਾ ਜਾਂਦਾ ਹੈ। ਕਰਜ਼ਦਾਰਾਂ ਦਾ ਵੇਰਵਾ, ਡਿਮਾਂਡ ਨੋਟਿਸ ਵਿਚਲੀ ਬਕਾਇਆ ਰਕਮ ਅਤੇ ਲੋਨ ਰਕਮ ਦੀ ਅਦਾਇਗੀ ਲਈ ਸਕਿਊਰਿਟੀ ਦੀ ਪੇਸ਼ਕਸ਼ ਹੇਠ ਲਿਖੇ ਅਨੁਸਾਰ ਹੈ :

ਕਰਜ਼ਦਾਰਾਂ ਤੇ ਗਰੰਟਰਾਂ ਦਾ ਨਾਮ	ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ	ਸਕਿਉਰਡ ਅਸਾਸਿਆਂ ਦਾ ਵੇਰਵਾ (ਅਚੱਲ ਜਾਇਦਾਦ)
ਸ੍ਰੀ ਮੁਹੰਮਦ ਜਬੀਦ, ਸ੍ਰੀਮਤੀ ਸਬਨਾ ਖਾਤੂਨ (ਪ੍ਰੋਸਪੈਕਟ ਨੰ. IL10501545)	16-09-2026, ਰੁ.1212139/- (ਬਾਰਾਂ ਲੱਖ ਬਾਰਾਂ ਹਜ਼ਾਰ ਇੱਕ ਸੌ ਉਨਤਾਲੀ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਹਿੱਸਾ ਪਲਾਟ ਨੰ. 29 ਅਤੇ 30, ਅਧੀਨ ਹੱਦਬਸਤ ਨੰ. 160, ਖਸਰਾ ਨੰ. 7//1, 3//21, 3//19/1, 6//1, 6//2, 2//24, 25, 7//4, 5, 7//7, 6//9ਮਿਨ, 10 ਮਿਨ, 11, 12, 6//9ਮਿਨ, 6//10 ਮਿਨ, 7/6, 14, 15, ਸਥਿਤ ਹੈ ਪਿੰਡ ਸਲੇਮਪੁਰ ਮੁਸਲਮਾਨਾਂ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ 144001, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 630:00
ਸ੍ਰੀ ਉਮਾ, ਸ੍ਰੀਮਤੀ ਸੁੱਖੀ (ਪ੍ਰੋਸਪੈਕਟ ਨੰ. IL10136537)	08-09-2026, ਰੁ.717516/- (ਸੱਤ ਲੱਖ ਸਤਾਰਾਂ ਹਜ਼ਾਰ ਪੰਜ ਸੌ ਸੋਲਾਂ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਮਕਾਨ ਨੰ. 30, ਵਿੱਚ ਸ਼ਾਮਲ ਖਾਤਾ ਨੰ. 136/148, ਖਸਰਾ ਨੰ. 22//16-17-18/1-23/2-24-25-29//3/2-4-5-6-7-8 ਸਥਿਤ ਹੈ ਪਿੰਡ ਲਾਡੀਆਂ ਕਲਾਂ, ਪਿੰਡ ਲਾਡੀਆਂ ਕਲਾਂ, ਹੱਦਬਸਤ ਨੰ. 105, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ-141008, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 450
ਸ੍ਰੀ ਨਟਵਰ ਲਾਲ, ਸ੍ਰੀ ਵਿਜੈ, ਸ੍ਰੀਮਤੀ ਸੋਮੀ ਨਟਵਰ ਲਾਲ ਐਂਡ ਕੰ. (ਪ੍ਰੋਸਪੈਕਟ ਨੰ. IL10418195)	16-09-2026, ਰੁ.870349/- (ਅੱਠ ਲੱਖ ਸੱਤਰ ਹਜ਼ਾਰ ਤਿੰਨ ਸੌ ਉਨੰਜਾ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਮਕਾਨ ਵਿੱਚ ਸ਼ਾਮਲ ਖੇਵਟ/ਖਤੌਨੀ ਨੰ. 446/520-521, ਖਸਰਾ ਨੰ. 6//16/1/2(2-19), 16/1/1(0-11) ਸਥਿਤ ਹੈ ਪਿੰਡ ਤਫਜ਼ਲਪੁਰਾ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਪੰਜਾਬ-147001, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 1035
ਸ੍ਰੀ ਗੁਰਸੇਵਕ ਸਿੰਘ ਸ੍ਰੀਮਤੀ ਸੁਮਨ ਬਾਬਾ ਦੀਪ ਸਿੰਘ ਕਲੀਨਿਕ ਐਂਡ ਲੈਬੋਰਟਰੀ (ਪ੍ਰੋਸਪੈਕਟ ਨੰ. IL10185874)	08-09-2026, ਰੁ.1533074/- (ਪੰਦਰਾਂ ਲੱਖ ਤੇਤੀ ਹਜ਼ਾਰ ਚੁਹੱਤਰ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਪ੍ਰਾਈਵੇਟ ਪਲਾਟ ਨੰ. 55 ਮਿਨ, ਜੋ ਕਿ ਖਸਰਾ ਨੰ. 4347 ਮਿਨ, ਸਥਿਤ ਹੈ ਸੁਲਤਾਨਵਿੰਡ ਅਰਬਨ, ਅਬਾਦੀ ਸਮਾਲ ਟਾਊਨ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ 143001, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 400
ਸ੍ਰੀ ਸੁਖਵਿੰਦਰ ਸਿੰਘ, ਸ੍ਰੀ ਜਰਨੈਲ ਸਿੰਘ, ਸ੍ਰੀਮਤੀ ਜਸਵੀਰ ਕੌਰ, ਚੌਹਾਨ ਫੈਸ਼ਨਰਜ਼ (ਪ੍ਰੋਸਪੈਕਟ ਨੰ. IL10298387)	16-09-2026, ਰੁ.740170/- (ਸੱਤ ਲੱਖ ਚਾਲੀ ਹਜ਼ਾਰ ਇੱਕ ਸੌ ਸੱਤਰ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਖੇਵਟ ਖਤੌਨੀ ਨੰ. 373/732, 818, ਸਥਿਤ ਹੈ ਗੁਰਦੁਆਰਾ ਪਿੰਡ ਸੈਦਖੇੜੀ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ 140401, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 657
ਸ੍ਰੀ ਜਗਦੀਪ ਸਿੰਘ ਸ੍ਰੀਮਤੀ ਅਮਰਜੀਤ ਕੌਰ ਅਮਰਜੀਤ ਬੁਟੀਕ (ਪ੍ਰੋਸਪੈਕਟ ਨੰ. IL10453191)	08-09-2026, ਰੁ.1323965/- (ਤੇਰਾਂ ਲੱਖ ਤੇਈ ਹਜ਼ਾਰ ਨੌ ਸੌ ਪੈਂਹਟ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਖੇਵਟ ਅਤੇ ਖਾਤਾ ਨੰ. 702/1047 ਤੋਂ 1049, ਆਫ ਮਲਕਪੁਰ, ਤਹਿਸੀਲ ਅਤੇ ਜ਼ਿਲ੍ਹਾ ਮਾਨਸਾ 151508, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 5867
ਸ੍ਰੀ ਜਗਜੀਤ ਸਿੰਘ ਸ੍ਰੀ ਮਨਪ੍ਰੀਤ ਸਿੰਘ, ਸ੍ਰੀਮਤੀ ਗੁਰਮੀਤ ਕੌਰ (ਪ੍ਰੋਸਪੈਕਟ ਨੰ. IL10496549)	08-09-2026, ਰੁ.894148/- (ਅੱਠ ਲੱਖ ਚੁਰੰਨਵੇਂ ਹਜ਼ਾਰ ਇੱਕ ਸੌ ਅੜਤਾਲੀ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਸ਼ਾਮਲ ਵਿੱਚ ਖਾਤਾ ਨੰ. 660/1030, ਖਸਰਾ ਨੰ. 1162/11-4, ਸਥਿਤ ਹੈ ਬਰਨਾਲਾ, ਪੰਜਾਬ 148108, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 4515
ਸ੍ਰੀ ਗੁਰਜੀਤ ਸਿੰਘ ਸ੍ਰੀਮਤੀ ਮੋਹਿਨੀ ਗਿੱਲ ਸਟੇਨਰੀ ਫਿਲਮਜ਼ (ਪ੍ਰੋਸਪੈਕਟ ਨੰ. IL10557054)	17-09-2026, ਰੁ.2197838.85/- (ਇੱਕੀ ਲੱਖ ਸਤਾਨਵੇਂ ਹਜ਼ਾਰ ਅੱਠ ਸੌ ਅਠੱਤੀ ਰੁ. ਪਚਾਸੀ ਪੈਸੇ ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਪਹਿਲੀ ਮੰਜ਼ਿਲ, ਹੱਦਬਸਤ ਨੰ. 184, ਸਰਵੇ ਨੰ.74/9(8-0), 10/1(5-4), 11/2/2(1-18), 11/2/1, 19/1, 22/1/2, 12, ਪਿੰਡ ਅਤੇ ਤਹਿਸੀਲ ਖਰੜ, ਜ਼ਿਲ੍ਹਾ ਐਸਏਐਸ ਨਗਰ, ਪੰਜਾਬ 140301, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 579.12
ਸ੍ਰੀ ਯੂਸਫ, ਸ੍ਰੀ ਬਲਵੀਰ, ਸ੍ਰੀਮਤੀ ਕਿੰਦਰ (ਪ੍ਰੋਸਪੈਕਟ ਨੰ. IL10526325)	23-09-2026, ਰੁ.1550919/- (ਪੰਦਰਾਂ ਲੱਖ ਪੰਜਾਹ ਹਜ਼ਾਰ ਨੌ ਸੌ ਉਨੀ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਖਸਰਾ ਨੰ. 160//6/1/2, ਸਥਿਤ ਹੈ ਪਿੰਡ ਬਸਤੀ ਭੱਟੀਆਂ ਵਾਲੀ, ਫਿਰੋਜ਼ਪੁਰ ਸਿਟੀ, ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ 152002, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 1124.39
ਸ੍ਰੀ ਦਵਿੰਦਰ ਸਿੰਘ, ਨਿਊ ਵਿਸ਼ਵਕਰਮਾ ਇਲੈਕਟ੍ਰੋਨਿਕ ਵਰਕਸ, ਸ੍ਰੀ ਨੱਥਾ ਸਿੰਘ, ਸ੍ਰੀਮਤੀ ਬਲਜੀਤ ਕੌਰ (ਪ੍ਰੋਸਪੈਕਟ ਨੰ. IL10526325)	08-09-2026, ਰੁ.1082413/- (ਦਸ ਲੱਖ ਬਿਆਸੀ ਹਜ਼ਾਰ ਚਾਰ ਸੌ ਤੇਰਾਂ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਜਾਇਦਾਦ ਖੇਵਟ ਨੰ. 761, ਖਤੌਨੀ ਨੰ. 1235, ਖਸਰਾ ਨੰ. 377/3(13-16), ਸਥਿਤ ਹੈ ਮੁਕਤਸਰ, ਪੰਜਾਬ 152026, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 1496
ਸ੍ਰੀ ਸੱਜਣ ਕੁਮਾਰ, ਸ੍ਰੀਮਤੀ ਅਨੂ ਰਾਣੀ, ਸੋਨੂ ਫਾਸਟ ਫੂਡ (ਪ੍ਰੋਸਪੈਕਟ ਨੰ. IL10686921)	08-09-2026, ਰੁ. 626263/- (ਛੇ ਲੱਖ ਛੱਬੀ ਹਜ਼ਾਰ ਦੋ ਸੌ ਤਰੇਹਟ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਜਾਇਦਾਦ ਵਿੱਚ ਸ਼ਾਮਲ ਹੈ ਖਸਰਾ ਨੰ. 195//6(8-0), ਖਾਤਾ ਨੰ. 1705/2997, ਸਥਿਤ ਹੈ ਪਿੰਡ ਮਲੋਟ ਦੀਆਂ ਮਾਲੀਆ ਹੱਦਾਂ ਨਾਲ, ਤਹਿਸੀਲ ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ 152107, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 1361
ਸ੍ਰੀ ਬੱਬੂ ਸਿੰਘ, ਸ੍ਰੀਮਤੀ ਗੁਰਪ੍ਰੀਤ ਕੌਰ (ਪ੍ਰੋਸਪੈਕਟ ਨੰ. IL10919680)	08-09-2026, ਰੁ. 875113/- (ਅੱਠ ਲੱਖ ਪਝੱਤਰ ਹਜ਼ਾਰ ਇੱਕ ਸੌ ਤੇਰਾਂ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਹੱਦਬਸਤ ਨੰ. 175, ਖੇਵਟ/ਖਾਤਾ ਨੰ. 235/706 ਤੋਂ 707ਤੱਕ, ਕਿੱਤੇ 10, ਰਕਬਾ 48 ਕਨਾਲ 19 ਮਰਲੇ ਹਿੱਸਾ 334/97900 ਹਿੱਸਾ 3.34 ਮਰਲੇ, ਮਾਨਸਾ ਪੰਜਾਬ 151501, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 909
ਸ੍ਰੀ ਗੁਰਸੇਵਕ ਸਿੰਘ, ਸ੍ਰੀਮਤੀ ਸਰਬਜੀਤ ਕੌਰ (ਪ੍ਰੋਸਪੈਕਟ ਨੰ. IL10675232)	08-09-2026, ਰੁ. 1687768/- (ਸੋਲਾਂ ਲੱਖ ਸਤਾਸੀ ਹਜ਼ਾਰ ਸੱਤ ਸੌ ਅਠਾਹਟ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਵਿੱਚੋਂ ਖੇਵਟ ਨੰ. 115/211, ਖਸਰਾ ਨੰ. 1//16/2/2(0-13), ਸਥਿਤ ਹੈ ਪ੍ਰੇਮ ਨਗਰ, ਬਰਨਾਲਾ, ਤਹਿਸੀਲ ਅਤੇ ਜ਼ਿਲ੍ਹਾ ਬਰਨਾਲਾ, ਪੰਜਾਬ 151509, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 1179
ਸ੍ਰੀਮਤੀ ਚਰਨਜੀਤ ਕੌਰ, ਸ੍ਰੀ ਬਿਕਰਮ ਸਿੰਘ, ਚਰਨਜੀਤ ਬੁਟੀਕ (ਪ੍ਰੋਸਪੈਕਟ ਨੰ. IL10723568)	09-09-2026, ਰੁ. 2092414/- (ਵੀਹ ਲੱਖ ਬੰਨਵੇਂ ਹਜ਼ਾਰ ਚਾਰ ਸੌ ਚੌਦਾਂ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਖਸਰਾ ਨੰ. 75/1/2(4-9) ਖਾਤਾ ਨੰ. 1126/1179, ਪਿੰਡ ਅਤੇ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ 144527, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 816, 700, 595
ਸ੍ਰੀ ਹਰਨੂਰ ਸਿੰਘ, ਸ੍ਰੀਮਤੀ ਰਜਨੀ ਜੋਧੂ ਫੈਂਸੀ ਫਿਟ ਬੁਟੀਕ ਫੂਡ ਮੂਡ (ਪ੍ਰੋਸਪੈਕਟ ਨੰ. IL10754865)	09-09-2026, ਰੁ. 2682739/- (ਛੱਬੀ ਲੱਖ ਬਿਆਸੀ ਹਜ਼ਾਰ ਸੱਤ ਸੌ ਉਨਤਾਲੀ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਮਕਾਨ ਨੰ. 14 ਮਿਨ, ਖਸਰਾ ਨੰ. 80/4,6,79/1,10 ਅਤੇ 11, ਅਬਾਦੀ ਗਾਰਡਨ ਸਿਟੀ, ਪਿੰਡ ਭਾਮੀਆਂ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ 141001, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 900,1980,1683
ਸ੍ਰੀ ਗੁਰਚਰਨ ਸਿੰਘ ਸ੍ਰੀਮਤੀ ਪ੍ਰੀਤਮ ਕੌਰ ਗੁਰਚਰਨ ਡੇਅਰੀ ਫਾਰਮ (ਪ੍ਰੋਸਪੈਕਟ ਨੰ. IL10768508)	08-09-2026, ਰੁ. 562120/- (ਪੰਜ ਲੱਖ ਬਾਹਟ ਹਜ਼ਾਰ ਇੱਕ ਸੌ ਵੀਹ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਖਸਰਾ ਨੰ. 13//6(2-5)15(2-15) 14/2(5-0), ਖੇਵਟ ਨੰ. 42, ਖਤੌਨੀ ਨੰ. 71,72, 74 ਐਫ, ਮੁਦਾਰਪੁਰ, ਤਹਿਸੀਲ ਧਰਮਕੋਟ ਜ਼ਿਲ੍ਹਾ ਮੋਗਾ 142042, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 3267
ਸ੍ਰੀਮਤੀ ਅਨੁਰਾਧਾ ਸ੍ਰੀ ਦਵਿੰਦਰ ਸਿੰਘ ਗਗਨ ਡੇਅਰੀ, ਗਗਨ ਟੈਕਸੀ (ਪ੍ਰੋਸਪੈਕਟ ਨੰ. IL10794836)	08-09-2026, ਰੁ. 1187086/- (ਗਿਆਰਾਂ ਲੱਖ ਸਤਾਸੀ ਹਜ਼ਾਰ ਛਿਆਸੀ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਹੱਦਬਸਤ ਨੰ. 137, ਖੇਵਟ ਨੰ. 616, ਖਤੌਨੀ ਨੰ. 717, ਖਸਰਾ ਨੰ. 166(0-4), ਕਿੱਤੇ 1 ਹੁਸ਼ਿਆਰਪੁਰ, ਪੰਜਾਬ 144205, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 1089
ਸ੍ਰੀ ਮਨਦੀਪ ਸਿੰਘ ਸ੍ਰੀਮਤੀ ਰਣਜੀਤ ਕੌਰ (ਪ੍ਰੋਸਪੈਕਟ ਨੰ. IL10800988)	08-09-2026, ਰੁ. 1134684/- (ਗਿਆਰਾਂ ਲੱਖ ਚੌਂਤੀ ਹਜ਼ਾਰ ਛੇ ਸੌ ਚੁਰਾਸੀ ਰੁ. ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਪਲਾਟ ਨੰ. 76, ਖਸਰਾ ਨੰ.262//5/1(4-18) 262//5/2(3-2) 6(8-0) 983/1343-1344 ਸਥਿਤ ਹੈ ਹੈਪੀ ਹੋਮ ਗਣੇਸ਼ ਐਨਕਲੇਵ, ਸੰਘੇੜਾ ਰੋਡ ਬਰਨਾਲਾ, 148101, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 900
ਸ੍ਰੀ ਵਿਜੈ ਕੁਮਾਰ ਸ੍ਰੀਮਤੀ ਸੁਨਿਤਾ ਕੁਮਾਰੀ ਵਿਜੇ ਦੀ ਚੱਕੀ (ਪ੍ਰੋਸਪੈਕਟ ਨੰ. IL10991802)	08-09-2026, ਰੁ. 1293051.27/- (ਬਾਰਾਂ ਲੱਖ ਤਰਾਨਵੇਂ ਹਜ਼ਾਰ ਇਕਵੰਜਾ ਰੁ. ਸਤਾਈ ਪੈਸੇ ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਹੱਦਬਸਤ ਨੰ. 77, ਖਾਤਾ ਨੰ. 21/21, ਖਸਰਾ ਨੰ. 6//18/2, ਰਕਬਾ 0ਕੇ-14ਮਰਲੇ ਹਿੱਸਾ 12/14 ਹਿੱਸਾ 0ਕੇ-12 ਐਮ, ਹੁਸ਼ਿਆਰਪੁਰ, ਪੰਜਾਬ 146001, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਰਕਬਾ ਮਿਣਤੀ: ਜਾਇਦਦ ਰਕਬਾ: 3267
ਸ੍ਰੀ ਸ਼ਮਿੰਦਰ ਕੁਮਾਰ, ਸ੍ਰੀਮਤੀ ਸੁਸ਼ਮਾ ਸ਼ਰਮਾ (ਪ੍ਰੋਸਪੈਕਟ ਨੰ. IL10313952, 981119)	16-09-2026, 981119 ਲਈ ਰੁ. 94251.73/- (ਚੁਰੰਨਵੇਂ ਹਜ਼ਾਰ ਦੋ ਸੌ ਇਕਵੰਜਾ ਰੁ. ਤੇਹੱਤਰ ਪੈਸੇ ਸਿਰਫ਼) ਅਤੇ IL10313952 ਲਈ ਰੁ. 652899.72/- (ਛੇ ਲੱਖ ਬਵੰਜਾ ਹਜ਼ਾਰ ਅੱਠ ਸੌ ਨੜਿੰਨਵੇਂ ਰੁ. ਬਹੱਤਰ ਪੈਸੇ ਸਿਰਫ਼)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਕਿ ਮਕਾਨ ਨੰ. 2178-ਏ/5, ਸਥਿਤ ਹੈ ਲਹਿਲ ਕਲੋਨੀ, ਲਹਿਲ ਨੇੜੇ ਖੇੜਾ, ਪਟਿਆਲਾ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ 147001, ਰਕਬਾ ਮਿਣਤੀ (ਵ.ਫ਼ੁੱਟ ਵਿੱਚ) : ਜਾਇਦਾਦ ਕਿਸਮ: ਜ਼ਮੀਨ ਏਰੀਆ, ਸੁਪਰ ਬਿਲਟ ਅਪ ਏਰੀਆ, ਜਾਇਦਦ ਰਕਬਾ: 625.50, 758.00

ਜੇਕਰ ਆਈਆਈਐਫਐਲ ਐਚਐਫਐਲ ਨੂੰ ਉਪਰ ਦੱਸੀ ਰਕਮ ਅਦਾ ਕਰਨ ਵਿਚ ਕਰਜ਼ਦਾਰ ਅਸਫ਼ਲ ਰਹਿੰਦੇ ਹਨ ਤਾਂ ਆਈਆਈਐਫਐਲ ਐਚਐਫਐਲ ਉਪਰ ਦੱਸੇ ਐਕਟ ਦੀ ਸੈਕਸ਼ਨ 13(4) ਅਧੀਨ ਅਗਲੀ ਕਾਰਵਾਈ ਕੀਤੀ ਜਾਵੇਗੀ ਅਤੇ ਰੂਲ ਲਾਗੂ ਹੋਣ 'ਤੇ ਰਿਸਕ, ਖ਼ਰਚਾ ਅਤੇ ਨਤੀਜਾ ਕਰਜ਼ਦਾਰ ਭੁਗਤੇਗਾ। ਹੋਰ ਵੇਰਵਿਆਂ ਲਈ ਕਿਰਪਾ ਕਰਕੇ ਅਧਿਕਾਰਤ ਅਫ਼ਸਰ ਬ੍ਰਾਂਚ ਦਫ਼ਤਰ: ਐਸਸੀਓ 21, ਪੰਜਵੀਂ ਮੰਜ਼ਿਲ, ਲਧਿਆਣਾ ਫਿਰੋਜ਼ਗਾਂਧੀ ਮਾਰਕਿਟ, ਲਧਿਆਣਾ ਪੰਜਾਬ 141001/ ਐਸਸੀਓ 32, ਦੂਜੀ ਮੰਜ਼ਿਲ, ਪਾਲ ਪਲਾਜ਼ਾ,ਬੀ ਬਲਾਕ, ਰਣਜੀਤ ਐਵੀਨਿਊ, ਅੰਮ੍ਰਿਤਸਰ, ਪੰਜਾਬ 143006/ ਦੂਜੀ ਮੰਜ਼ਿਲ, ਸਾਈ ਮਾਲ, ਨੇੜੇ ਕੇਐਫਸੀ ਮਾਡਲ ਟਾਊਨ, ਜਲੰਧਰ 144001/ ਜਾਂ ਕਾਰਪੋਰੇਟ ਦਫ਼ਤਰ : ਪਲਾਟ ਨੰ: 98, ਫੇਜ਼ 4, ਉਦਯੋਗ ਵਿਹਾਰ, ਗੁੜਗਾਉਂ, ਹਰਿਆਣਾ

ਸਥਾਨ : ਪੰਜਾਬ ਮਿਤੀ : 06-10-2026 ਸਹੀ/- ਅਧਿਕਾਰਤ ਅਫ਼ਸਰ, ਆਈਆਈਐਫਐਲ ਹੋਮ ਫਾਇਨਾਂਸ ਲਿਮ. ਲਈ

ਧੜੇਬੰਦੀਆਂ ਤੋਂ ਕਾਂਗਰਸੀ ਵਰਕਰ ਨਿਰਾਸ਼, ਸੰਗਰੂਰ ਤੇ ਮਾਲਵੇ ਦੀ ਕੀਤੀ ਅਣਦੇਖੀ: ਅਮਨ ਅਰੋੜਾ

ਵਿਜੈਇੰਦਰ ਸਿੰਗਲਾ ਨੂੰ ਅਣਡਿੱਠ ਕਰ ਕੇ ਸੰਗਰੂਰ ਤੇ ਮਾਲਵੇ ਦੇ ਲੋਕਾਂ ਦੀਆਂ ਉਮੀਦਾਂ ਨਾਲ ਕੀਤਾ ਧੋਖਾ

ਸੰਗਰੂਰ, 5 ਅਕਤੂਬਰ (ਗੁਰਪ੍ਰੀਤ ਸਿੰਘ ਸਕਰੌਦੀ/ਪਰਮਜੀਤ ਸਿੰਘ ਲੱਡਾ) : ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਸੋਮਵਾਰ ਨੂੰ ਕਾਂਗਰਸ ਦੀ ਅੰਦਰੂਨੀ ਧੜੇਬੰਦੀ ਅਤੇ ਉਸ ਦੀ ਹਾਈਕਮਾਂਡ ਦੇ ਫ਼ੈਸਲਿਆਂ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਪਾਰਟੀ ਨੇ ਪੰਜਾਬ ਵਿਚ ਅਪਣੇ ਵਰਕਰਾਂ ਦੀਆਂ ਭਾਵਨਾਵਾਂ ਨੂੰ ਅਣਡਿੱਠ ਕਰਕੇ ਵੱਖ-ਵੱਖ ਧੜਿਆਂ ਵਿਚਾਲੇ ਸਮਝੌਤਿਆਂ 'ਤੇ ਆਧਾਰਿਤ ਲੀਡਰਸ਼ਿਪ ਥੋਪੀ ਹੈ, ਜਿਸ ਕਾਰਨ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਵਰਕਰ ਨਿਰਾਸ਼ ਹਨ ਅਤੇ ਉਨ੍ਹਾਂ ਦਾ ਪਾਰਟੀ ਲੀਡਰਸ਼ਿਪ ਤੋਂ ਮੋਹ ਭੰਗ ਹੋ ਰਿਹਾ ਹੈ। ਇੱਥੇ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਅਪਣੇ ਅਤੇ ਆਮ ਆਦਮੀ ਪਾਰਟੀ ਵਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵਨਿਯੁਕਤ ਪ੍ਰਧਾਨ ਪਰਗਟ ਸਿੰਘ ਨੂੰ ਸ਼ੁਭਕਾਮਨਾਵਾਂ ਦਿਤੀਆਂ। ਪਰਗਟ ਸਿੰਘ ਨੂੰ ਕੌਮਾਂਤਰੀ ਹਾਕੀ ਖਿਡਾਰੀ, ਓਲੰਪੀਅਨ, ਸਾਬਕਾ ਪੁਲਿਸ ਅਧਿਕਾਰੀ ਅਤੇ ਤਿੰਨ ਵਾਰ ਦੇ ਵਿਧਾਇਕ ਦੱਸਦਿਆਂ ਅਮਨ ਅਰੋੜਾ ਨੇ ਕਿਹਾ ਕਿ ਖੇਡ ਮੈਦਾਨ ਵਿਚ ਟੀਮ ਦੀ ਅਗਵਾਈ ਕਰਨ ਦਾ ਤਜਰਬਾ ਰੱਖਣ ਵਾਲੇ ਵਿਅਕਤੀ ਨੂੰ ਹੁਣ ਪੰਜਾਬ ਵਿਚ ਕਾਂਗਰਸ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਕਿਹਾ, "ਪਰਗਟ ਸਿੰਘ ਨੇ ਹਾਕੀ ਦੇ ਮੈਦਾਨ ਵਿਚ ਟੀਮ ਦੀ ਅਗਵਾਈ ਕੀਤੀ ਹੈ ਅਤੇ ਹੁਣ ਉਨ੍ਹਾਂ ਨੂੰ ਪੰਜਾਬ ਵਿਚ ਕਾਂਗਰਸ ਦੀ ਅਗਵਾਈ ਦੀ ਜ਼ਿੰਮੇਵਾਰੀ ਦਿਤੀ ਗਈ ਹੈ। ਮੈਂ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੰਦਾ ਹਾਂ। ਹਾਲਾਂਕਿ, ਉਨ੍ਹਾਂ ਦੀ ਨਿਯੁਕਤੀ ਤੋਂ ਬਾਅਦ ਦੇ ਘਟਨਾਕ੍ਰਮ ਕਾਂਗਰਸ ਦੀ ਅੰਦਰੂਨੀ ਅਸਥਿਰਤਾ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਜ਼ਿਕਰ ਕਰਦਿਆਂ ਅਮਨ ਅਰੋੜਾ ਨੇ ਕਿਹਾ, "ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੁਸ਼ਕਲ ਸਮੇਂ ਵਿਚ ਕਾਂਗਰਸ ਦੀ ਕਮਾਨ ਸੰਭਾਲੀ ਅਤੇ ਸਾਢੇ ਚਾਰ ਸਾਲ ਪਾਰਟੀ ਵਰਕਰਾਂ ਨਾਲ ਮਿਲ ਕੇ ਕੰਮ ਕੀਤਾ। ਪਰ ਭੂਪੇਸ਼ ਬਘੇਲ ਦੀ ਥਾਂ ਕਾਂਗਰਸ ਦੇ ਪੰਜਾਬ ਇੰਚਾਰਜ ਬਣੇ ਸਚਿਨ ਪਾਇਲਟ ਨੇ ਪੰਜਾਬ ਦੇ ਮਹਿਜ਼ ਦੋ ਘੰਟਿਆਂ ਦੇ ਦੌਰੇ ਦੌਰਾਨ ਹੀ ਉਨ੍ਹਾਂ ਨੂੰ ਹਟਾਉਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਕਿਹਾ ਕਿ ਪਰਗਟ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਨਿਯੁਕਤ ਹੋਇਆਂ ਚਾਰ ਦਿਨ ਬੀਤ ਚੁੱਕੇ ਹਨ, ਪਰ ਰਾਹੁਲ ਗਾਂਧੀ ਨੇ ਅਜੇ ਤੱਕ ਉਨ੍ਹਾਂ ਨੂੰ ਮਿਲਣ ਦਾ ਸਮਾਂ ਨਹੀਂ ਦਿਤਾ। ਉਨ੍ਹਾਂ ਕਿਹਾ, "ਪਰਗਟ ਸਿੰਘ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਪਰਿਵਾਰ ਅਤੇ ਸੀਨੀਅਰ ਕਾਂਗਰਸੀ ਆਗੂ ਅੰਬਿਕਾ ਸੋਨੀ ਨਾਲ ਸ਼ਿਸ਼ਟਾਚਾਰ ਵਜੋਂ ਮੁਲਾਕਾਤ ਕੀਤੀ ਹੈ। ਪਰ ਜਦੋਂ ਆਪਣੀ ਹੀ ਪਾਰਟੀ ਦੀ ਸੂਬਾ ਇਕਾਈ ਦੇ ਨਵਨਿਯੁਕਤ ਪ੍ਰਧਾਨ ਨੂੰ ਕੇਂਦਰੀ ਲੀਡਰਸ਼ਿਪ ਨਾਲ ਮੁਲਾਕਾਤ ਲਈ ਸਮਾਂ ਨਹੀਂ ਮਿਲਦਾ, ਤਾਂ ਇਹ ਕਾਂਗਰਸ ਹਾਈਕਮਾਂਡ ਦੇ ਪੰਜਾਬ ਪ੍ਰਤੀ ਰਵੱਈਏ 'ਤੇ ਸਵਾਲ ਖੜੇ ਕਰਦਾ ਹੈ।

ਸੰਗਰੂਰ ਅਤੇ ਮਾਲਵਾ ਖੇਤਰ ਦੀ ਨੁਮਾਇੰਦਗੀ ਬਾਰੇ ਗੱਲ ਕਰਦਿਆਂ ਅਮਨ ਅਰੋੜਾ ਨੇ ਕਿਹਾ, "ਭਾਵੇਂ ਵਿਜੈ ਇੰਦਰ ਸਿੰਗਲਾ ਵਿਰੋਧੀ ਪਾਰਟੀ ਨਾਲ ਸਬੰਧਤ ਹਨ, ਫਿਰ ਵੀ ਸੰਗਰੂਰ ਅਤੇ ਮਾਲਵੇ ਦੇ ਲੋਕਾਂ ਨੂੰ ਉਮੀਦ ਸੀ ਕਿ ਉਨ੍ਹਾਂ ਦੇ ਖੇਤਰ ਵਿਚੋਂ ਕਿਸੇ ਆਗੂ ਨੂੰ ਸੂਬਾ ਇਕਾਈ ਦੀ ਅਗਵਾਈ ਕਰਨ ਦਾ ਮੌਕਾ ਦਿਤਾ ਜਾਵੇਗਾ। ਉਨ੍ਹਾਂ ਦੇ ਨਾਂ ਦੀ ਲੰਮੇ ਸਮੇਂ ਤੋਂ ਚਰਚਾ ਚੱਲ ਰਹੀ ਸੀ ਅਤੇ ਆਖ਼ਰੀ ਸਮੇਂ 'ਤੇ ਉਨ੍ਹਾਂ ਨੂੰ ਅਣਡਿੱਠ ਕਰਨਾ ਸੰਗਰੂਰ ਅਤੇ ਮਾਲਵੇ ਦੇ ਲੋਕਾਂ ਦੀਆਂ ਉਮੀਦਾਂ ਨਾਲ ਧੋਖਾ ਕਰਨ ਦੇ ਬਰਾਬਰ ਹੈ।

ਸੰਗਰੂਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੈਬਨਿਟ ਮੰਤਰੀ ਅਮਨ ਅਰੋੜਾ। ਫੋਟੋ-ਭੀਮਾ ਭੱਟੀਵਾਲ।

ਪਰਗਟ ਦਾ ਅਰੋੜਾ 'ਤੇ ਪਲਟਵਾਰ, ਮੈਂ ਚੰਗੀ ਤਰ੍ਹਾਂ ਖੇਡਣਾ ਜਾਣਦਾ ਹਾਂ

ਚੰਡੀਗੜ੍ਹ, 5 ਅਕਤੂਬਰ (ਭੁੱਲਰ): 'ਆਪ' ਦੇ ਪ੍ਰਧਾਨ ਅਮਨ ਅਰੋੜਾ ਵਲੋਂ ਕੀਤੀਆਂ ਟਿਪਣੀਆਂ ਬਾਅਦ ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ ਵੀ ਪਲਟਵਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਫ਼ਿਕਰ ਨਾ ਕਰੋ, ਥੋੜ੍ਹਾ ਇੰਤਜ਼ਾਰ ਕਰੋ। ਪਰਗਟ ਨੇ ਜਵਾਬੀ ਹਮਲਾ ਬੋਲਦਿਆਂ ਕਿਹਾ ਕਿ ਮੈਨੂੰ ਖੇਡਣਾ ਆਉਂਦਾ ਹੈ। ਤੁਹਾਡੇ ਕੋਲ ਮੇਰੇ ਵਿਰੁਧ ਬੋਲਣ ਲਈ ਕੁੱਝ ਨਹੀਂ ਹੈ ਅਤੇ ਤੁਹਾਡੀ ਕਿਸ਼ਤੀ ਤਾਂ ਡੁੱਬਣ ਵਾਲੀ ਹੈ। ਉਨ੍ਹਾਂ ਕਿਹਾ ਕਿ ਮੈਂ ਪੰਜਾਬ ਆ ਰਿਹਾ ਹਾਂ ਅਤੇ ਤੁਹਾਨੂੰ ਸੱਭ ਕੁੱਝ ਦੇਖਣ ਨੂੰ ਮਿਲੇਗਾ। ਪਾਰਟੀ ਇਕਜੁਟ ਹੋ ਕੇ ਅੱਗੇ ਵਧੇਗੀ। ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕੀਤੇ ਵਿਅੰਗ ਬਾਰੇ ਵੀ ਪਰਗਟ ਸਿੰਘ ਨੇ ਕਿਹਾ ਕਿ ਸਾਡਾ ਫ਼ਿਕਰ ਨਾ ਕਰੋ ਬਲਕਿ ਅਪਣੇ ਸਾਢੇ ਚਾਰ ਸਾਲ ਦੇ ਕੰਮਾਂ ਦਾ ਹਿਸਾਬ ਦਿਉ ਜਿਨ੍ਹਾਂ ਦਾ ਲੋਕ ਜਵਾਬ ਮੰਗਣਗੇ। ਪਰਗਟ ਸਿੰਘ ਨੇ ਕਿਹਾ ਕਿ ਮੈਂ ਇਲਜ਼ਾਮਬਾਜ਼ੀਆਂ ਦੀ ਸਿਆਸਤ ਵਿਚ ਵਿਸ਼ਵਾਸ ਨਹੀਂ ਰਖਦਾ ਅਤੇ ਮੁੱਦਿਆਂ ਆਧਾਰਤ ਰਾਜਨੀਤੀ ਕਰਾਂਗਾ।

ਭਾਜਪਾ ਮੁੱਖ ਮੰਤਰੀ ਮਾਨ ਦਾ ਸਿਆਸੀ ਮੁਕਾਬਲਾ ਨਹੀਂ ਕਰ ਸਕਦੀ : ਪੰਨੂ

ਚੰਡੀਗੜ੍ਹ, 5 ਅਕਤੂਬਰ (ਭੁੱਲਰ) : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਭਾਜਪਾ, ਜੋ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸਿਆਸੀ ਤੌਰ 'ਤੇ ਮੁਕਾਬਲਾ ਕਰਨ ਵਿਚ ਅਸਮਰੱਥ ਹੈ, ਹੁਣ ਚੋਣਾਂ ਤੋਂ ਪਹਿਲਾਂ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਲਈ ਪਿਛਲੇ ਦਰਵਾਜ਼ੇ ਦੇ ਹਥਕੰਡੇ ਅਪਣਾ ਰਹੀ ਹੈ। 'ਆਪ' ਪੰਜਾਬ ਦੇ ਮੀਡੀਆ ਇੰਚਾਰਜ ਨੇ ਪੁਸ਼ਟੀ ਕੀਤੀ ਕਿ ਭਗਵੰਤ ਮਾਨ ਸਰਕਾਰ ਦੀ ਟੀਮ ਵਿਰੁਧ ਸੀਬੀਆਈ ਅਤੇ ਈਡੀ ਦੀ ਕਾਰਵਾਈ ਚੋਣਾਂ ਤੋਂ ਪਹਿਲਾਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਕੇਂਦਰੀ ਏਜੰਸੀਆਂ ਦੀ ਵਰਤੋਂ ਦੇ ਉਸੇ ਪੈਟਰਨ ਦਾ ਹਿੱਸਾ ਹੈ, ਜਿਵੇਂ ਦਿੱਲੀ ਵਿਚ ਦੇਖਿਆ ਗਿਆ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਾਜਪਾ ਪੰਜਾਬ ਦੇ ਸੱਭ ਤੋਂ ਇਮਾਨਦਾਰ ਮੁੱਖ ਮੰਤਰੀ ਵਿਰੁਧ ਕੁੱਝ ਵੀ ਲੱਭਣ ਵਿਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵਲੋਂ ਪੰਜਾਬ ਲਈ ਅੜਿੱਕੇ ਪੈਦਾ ਕਰਨ ਦੀ ਹਰ ਸੰਭਵ ਕੋਸ਼ਿਸ਼ ਦੇ ਬਾਵਜੂਦ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਲੋਕਾਂ ਤਕ ਭਲਾਈ ਸਕੀਮਾਂ ਪਹੁੰਚਾਉਂਦੀ ਰਹੀ ਹੈ। ਪੰਨੂ ਨੇ ਕਿਹਾ ਕਿ ਭਾਜਪਾ ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚ ਰਹੀ ਹੈ। ਪੰਜਾਬ ਸਰਕਾਰ ਦੀ ਟੀਮ ਵਿਰੁਧ ਸੀਬੀਆਈ-ਈਡੀ ਦੀ ਕਾਰਵਾਈ ਚੋਣਾਂ ਤੋਂ ਪਹਿਲਾਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਨਿਸ਼ਾਨਾ ਬਣਾਉਣ ਦੇ ਉਸੇ ਪੈਟਰਨ ਦਾ ਹਿੱਸਾ ਹੈ, ਜਿਵੇਂ ਦਿੱਲੀ ਵਿਚ ਹੋਇਆ ਸੀ।

> ਕਿਹਾ, ਹੁਣ ਪਿਛਲੇ ਦਰਵਾਜ਼ੇ ਰਾਹੀਂ ਭਾਜਪਾ ਵਲੋਂ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼

ਸਾਬਕਾ ਸਰਪੰਚ ਦਾ ਕਤਲ ਕਰਨ ਵਾਲਾ ਗ੍ਰਿਫ਼ਤਾਰ

ਬਠਿੰਡਾ, 5 ਅਕਤੂਬਰ (ਜਸਪਾਲ ਸਿੱਧੂ) : ਜ਼ਿਲ੍ਹੇ ਦੇ ਪਿੰਡ ਫੂਸ ਮੰਡੀ ਵਿਖੇ ਸਾਬਕਾ ਸਰਪੰਚ ਜਗਤਾਰ ਸਿੰਘ ਉਰਫ਼ ਤਾਰਾ ਦੀ ਕੁਹਾੜੀ ਮਾਰ ਕੇ ਕੀਤੀ ਗਈ ਹੱਤਿਆ ਦੇ ਮਾਮਲੇ ਨੂੰ ਪੁਲਿਸ ਨੇ ਸੁਲਝਾਉਣ ਦਾ ਦਾਅਵਾ ਕੀਤਾ ਹੈ। ਪੁਲਿਸ ਅਨੁਸਾਰ ਮੁਲਜ਼ਮ ਨੇ ਮ੍ਰਿਤਕ ਦੇ ਅਪਣੀ ਪਤਨੀ ਨਾਲ ਨਾਜਾਇਜ਼ ਸਬੰਧ ਹੋਣ ਦੇ ਸ਼ੱਕ ਵਿਚ ਇਸ ਵਾਰਦਾਤ ਨੂੰ ਅੰਜਾਮ ਦਿਤਾ। ਪੁਲਿਸ ਨੇ ਮੁਲਜ਼ਮ ਗੁਰਬਖਸ਼ ਸਿੰਘ ਵਾਸੀ ਜ਼ਿਲ੍ਹਾ ਫਤਿਆਬਾਦ ਹਰਿਆਣਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪਬਲਿਕ ਨੋਟਿਸ

ਟਿਊਬਵੈੱਲ ਕੁਨੈਕਸ਼ਨ ਖਾਤ ਨੰਬਰ S.K.-492(AP-16/0492M), ਸਮਰੱਥਾ 15 BHP ਜੋ ਕਿ ਕਰਨੈਨ ਸਿੰਘ ਪੁੱਤਰ ਚੰਨਣ ਸਿੰਘ, ਪਿੰਡ ਬੱਤਾ, ਤਹਿਸੀਲ ਖਰੜ, ਜ਼ਿਲ੍ਹਾ ਮੋਹਾਲੀ ਦੇ ਨਾਮ ਤੇ ਚੱਲ ਰਿਹਾ ਹੈ। ਜੋ ਕਿ ਰਾਜ ਰਾਣੀ ਪਤਨੀ ਸ਼੍ਰੀ ਬਿਹਾਰੀ ਲਾਲ ਪਤਾ ਮਕਾਨ ਨੰਬਰ 1402, ਸੈਕਟਰ 15, ਪੰਚਕੂਲਾ (ਹਰਿਆਣਾ) ਨੇ ਕਰਨੈਲ ਸਿੰਘ ਪੁੱਤਰ ਚੰਨਣ ਸਿੰਘ ਦੇ ਪੁੱਤਰਾਂ ਕੋਲੋਂ ਜ਼ਮੀਨ ਸਮੇਤ ਟਿਊਬਵੈੱਲ ਕੁਨੈਕਸ਼ਨ ਖਰੀਦਿਆ ਹੈ। ਹੁਣ ਇਸ ਮੋਟਰ ਕੁਨੈਕਸ਼ਨ ਨੂੰ ਰਾਜ ਰਾਣੀ ਪਤਨੀ ਸ਼੍ਰੀ ਬਿਹਾਰੀ ਲਾਲ ਦੇ ਨਾਮ ਤੇ ਤਬਦੀਲ ਕਰਵਾਉਣ ਲਈ ਸਾਰੇ ਜ਼ਰੂਰੀ ਦਸਤਾਵੇਜ਼ ਪੇਸ਼ ਕੀਤੇ ਹਨ। ਇਸ ਲਈ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਕੁਨੈਕਸ਼ਨ ਨੂੰ ਨਾਮ ਕਰਵਾਉਣ ਸਬੰਧੀ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਆਪਣਾ ਇਤਰਾਜ 30 ਦਿਨ ਦੇ ਅੰਦਰ-ਅੰਦਰ ਹੇਠ ਲਿਖੇ ਦਫ਼ਤਰ ਵਿੱਚ ਪੇਸ਼ ਕਰ ਸਕਦਾ ਹੈ। ਮਿਆਦ ਪੂਰੀ ਹੋ ਜਾਵੇ ਤਾਂ ਉਕਤ ਕੁਨੈਕਸ਼ਨ ਦਾ ਨਾਮ ਬਦਲੀ ਕਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਕੋਈ ਇਤਰਾਜ਼ ਯੋਗ ਨਹੀਂ ਹੋਵੇਗਾ।

ਐਡੀ. ਸਹਾਇਕ ਇੰਜੀਨੀਅਰ
ਪੀ.ਐੱਸ.ਪੀ.ਸੀ. ਐਲ ਆਫਿਸ, ਘੜੂੰਆਂ

ਨੈਸ਼ਨਲ ਫਰਟੀਲਾਈਜ਼ਰ ਲਿਮਟਿਡ
(ਭਾਰਤ ਸਰਕਾਰ ਦਾ ਇਕ ਅਦਾਰਾ)
ਸਿਬੀਆਂ ਰੋਡ, ਬਠਿੰਡਾ-151003 (ਪੰਜਾਬ)
ਫੋਨ : 0164-2270261, 2760262, ਫੈਕਸ : 0164-2270463

ਰੈਫ਼. ਨੰ.NFB/E-410/AC/2026-28 ਮਿਤੀ : 06.10.2026

ਟੈਂਡਰ ਸੱਦਾ ਸੂਚਨਾ

ਹੇਠ ਲਿਖੇ ਠੇਕੇ ਦੇ ਕੰਮ ਲਈ ਤਜ਼ਰਬੇਕਾਰ ਅਤੇ ਵਿੱਤੀ ਤੌਰ 'ਤੇ ਮਜਬੂਤ ਠੇਕੇਦਾਰਾਂ ਤੋਂ ਦੋ ਭਾਗ ਬੋਲੀ ਪ੍ਰਣਾਲੀ ਰਾਹੀਂ ਈ-ਟੈਂਡਰਜ਼ ਮੰਗੇ ਜਾਂਦੇ ਹਨ।

1.	ਕੰਮ ਦਾ ਵੇਰਵਾ : ਐਨਐਫਐਲ ਬਠਿੰਡਾ ਵਿਖੇ ਐਚਵੀਏਸੀ ਸਿਸਟਮ, ਸੈਂਟਰਲ ਏਅਰ ਕੰਡੀਸ਼ਨਿੰਗ ਸਿਸਟਮ, ਪੈਕੇਜ ਇਕਾਈਆਂ, ਪੋਰਟੇਬਲ ਏਸੀ'ਜ਼, ਵਾਟਰ ਕੂਲਰਜ਼, ਰੈਫ੍ਰਿਜਰੇਟਰ ਅਤੇ ਡੈਜ਼ਰਟ ਕੂਲਰ ਆਦਿ ਦੀ ਸਾਂਭ ਸੰਭਾਲ ਅਤੇ ਸਰਵਿਸ		
2.	ਕੰਮ ਦੀ ਅੰਦਾਜਨ ਲਾਗਤ (ਰੁ.) ਰੁ. 127.47 ਲੱਖ ਸਮੇਤ ਜੀਐਸਟੀ ਜਿਵੇਂ ਲਾਗੂ		
3.	ਠੇਕੇ ਦੀ ਮਿਆਦ : ਦੋ ਸਾਲ	4.	ਈਐਮਡੀ (ਰੁ.) : ਰੁ. 1,00,000/-
5.	ਜਮ੍ਹਾਂ ਕਰਨ ਦੀ ਤੈਅ ਮਿਤੀ ਹੋਵੇਗੀ : 28.10.2026, 10:30 ਵਜੇ		

ਅਗਾਊਂ ਵੇਰਵੇ ਅਤੇ ਸੋਧ ਜੇ ਕੋਈ ਹੈ ਲਈ ਸਾਡੀ ਵੈਬਸਾਈਟ www.nationalfertilizers.com, www.etenders.gov.in ਅਤੇ ਸੀਪੀਪੀ ਪੋਰਟਲ www.eprocure.gov.in 'ਤੇ ਜਾਓ।

ਡੀਜੀਐਮ (ਈ ਅਤੇ ਆਈ)

ਮੈਸ. ਸ਼੍ਰੀਰਾਮ ਐਸਟ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ (ਐਸਏਆਰਪੀਐਲ)
SHRIRAM Asset Reconstruction
(ਵੱਖ ਵੱਖ ਐਸਏਆਰਪੀਐਲ ਟਰੱਸਟਾਂ ਦੇ ਟਰੱਸਟੀ ਦੀ ਸਮਰੱਥਾ ਵਜੋਂ ਕੰਮ ਕਰਦਿਆਂ)
ਰਜਿ. ਦਫ਼ਤਰ : ਸ਼੍ਰੀਰਾਮ ਹਾਊਸ, ਨੰ. 4, ਬੁਰਕਿਟ ਰੋਡ, ਟੀ ਨਗਰ, ਚੇਨੰਈ-600017, ਕਾਰਪੋਰੇਟ ਦਫਤਰ : ਇਕਾਈ ਨੰ. ਐਫਐਫ-ਏ-05, ਏ ਵਿੰਗ, ਪਹਿਲੀ ਮੰਜ਼ਿਲ, ਆਰਟ ਗੁਲਿਡ ਹਾਊਸ, ਫੋਨਿਕਸ ਮਾਰਕੀਟ ਸਿਟੀ, ਐਲਬੀਐਸ ਮਾਰਗ, ਕੁਰਲਾ (ਵੈਸਟ) ਮੁੰਬਈ-400070
ਵੈਬਸਾਈਟ : www.shriramarc.com ; Customer care No : 1800 120 2389, Email : customercare@Shriramarc.com

ਜਨਤਕ ਸੂਚਨਾ : ਅਚੱਲ ਜਾਇਦਾਦ ਦੀ ਈ ਨਿਲਾਮੀ-ਕਮ-ਵਿਕਰੀ ਸੂਚਨਾ
ਅੰਤਿਕਾ IV-A ਅਨੁਸਾਰ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨੈਂਸ਼ੀਅਲ ਐਸੇਟਸ ਐਂਡ ਇਨਫ਼ੋਰਸਮੈਂਟ ਆਫ਼ ਸਕਿਉਰਿਟੀ ਇੰਟਰੱਸਟ ਐਕਟ 2002, ਸਕਿਉਰਿਟੀ ਇੰਟਰੱਸਟ (ਇੰਫ਼ੋਰਸਮੈਂਟ) ਰੂਲਜ਼, 2002 ਦੇ ਰੂਲ 6,8 ਅਤੇ 9 ਨਾਲ ਪੜ੍ਹੀ ਜਾਂਦੀ ਧਾਰਾ ਅਧੀਨ ਅਚੱਲ ਐਸਟਸ ਦੀ ਵਿਕਰੀ ਲਈ ਨਿਲਾਮੀ

ਆਮ ਜਨਤਾ ਨੂੰ ਅਤੇ ਖਾਸ ਕਰਕੇ ਕਰਜ਼ਦਾਰ/ਾਂ, ਗਰੰਟਰ/ਾਂ ਅਤੇ ਗਿਰਵੀਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਦਰਸਾਈਆਂ ਗਿਰਵੀ/ਚਾਰਜ਼ਿਡ ਅਚੱਲ ਜਾਇਦਾਦਾਂ ਸਕਿਓਰਡ ਕ੍ਰੈਡੀਟਰ, ਹੁਣ ਮੈਸ. ਸ਼੍ਰੀਰਾਮ ਐਸੇਟ ਰੀਕੰਸਟਰਕਸ਼ਨ ਪ੍ਰਾਈਵੇਟ ਲਿਮਟਿਡ, ਵੱਖ-ਵੱਖ ਐਸਏਆਰਪੀਐਲ ਟਰੱਸਟ ਦੇ ਟਰੱਸਟੀ ਵਜੋਂ ਕੰਮ ਕਰਦਿਆਂ [ਵਿੱਤੀ ਐਸਟਸ ਦੀ ਨਿਯੁਕਤੀ ਦੇ ਅਨੁਸਾਰ-ਰਜਿਸਟਰਡ ਅਸਾਈਨਮੈਂਟ ਸਮਝੌਤਿਆਂ ਰਾਹੀਂ] (ਇਸ ਤੋਂ ਬਾਅਦ 'ਐਸਏਆਰਪੀਐਲ' ਵਜੋਂ ਜਾਣਿਆ ਜਾਂਦਾ ਹੈ) ਸਰਫਾਇਸੀ ਐਕਟ ਦੀ ਧਾਰਾ (5) ਤਹਿਤ, ਕਰਜ਼ਦਾਰਾਂ ਸਮੇਤ ਹੇਠ ਦਰਸਾਏ ਕਰਜ਼ਦਾਰਾਂ, ਸਹਿ ਕਰਜ਼ਦਾਰਾਂ ਅਤੇ ਗਿਰਵੀਕਾਰਾਂ ਨਾਲ ਸਬੰਧਤ ਵਿੱਤੀ ਐਸਟਸ ਨੂੰ ਪ੍ਰਾਪਤ ਕਰਕੇ ਮੂਲ ਰਿਣਦਾਤਾ/ਨਿਰਧਾਰਕ ਮੈਸ. ਜਨਾ ਸਮਾਲ ਫਾਈਨੈਂਸ ਬੈਂਕ ਲਿਮਟਿਡ (JSFBL) ਤੋਂ ਸਾਰੇ ਅਧਿਕਾਰ, ਸਿਰਲੇਖ ਅਤੇ ਉਸ 'ਤੇ ਵਿਆਜ ਜਿਸਦਾ ਭੌਤਿਕ ਕਬਜ਼ਾ ਮੂਲ ਰਿਣਦਾਤਾ/ਨਿਰਧਾਰਕ ਅਤੇ/ਜਾਂ ਸ਼੍ਰੀਰਾਮ ਐਸੇਟ ਰੀਕੰਸਟਰਕਸ਼ਨ ਪ੍ਰਾਈਵੇਟ ਲਿਮਟਿਡ ਦੇ ਅਧਿਕਾਰਤ ਅਫ਼ਸਰ ਵਲੋਂ ਲਿਆ ਗਿਆ ਹੈ, ਜਿਵੇਂ ਕਿ ਸ਼੍ਰੀਰਾਮ ਐਸੇਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ SARC-ਟਰੱਸਟ-11 ਦੇ ਟਰੱਸਟੀ ਦੀ ਸਮਰੱਥਾ ਵਜੋਂ ਸਕਿਓਰਡ ਕ੍ਰੈਡੀਟਰ ਵਾਈਜ਼, ਮੈਸ. ਜਨਾ ਸਮਾਲ ਫਾਈਨੈਂਸ ਬੈਂਕ ਲਿਮਟਿਡ ਦਿੱਤੇ ਗਏ ਅਤੇ ਮਨਜ਼ੂਰ ਕੀਤੇ ਲੋਨ ਦੇ ਅਸਾਈਨੀ ਅਤੇ ਅਸਾਈਨਰ ਵਜੋਂ ਹੇਠਾਂ ਦਿੱਤੇ ਨਿਲਾਮੀ ਸ਼ਡਿਊਲ ਅਨੁਸਾਰ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਜੋ ਕੁਝ ਹੈ' ਦੇ ਆਧਾਰ 'ਤੇ SARPL ਯਾਨੀ ਕਿ ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਿਰਵੀਕਾਰਾਂ ਤੋਂ ਸਕਿਓਰਡ ਕ੍ਰੈਡੀਟਰ, ਜਿਵੇਂ ਕਿ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਅਤੇ ਰੂਲ 9(1) ਦੀ ਧਾਰਾ ਅਨੁਸਾਰ ਹੇਠ ਟੇਬਲ ਵਿਚ ਦਰਸਾਏ ਕਰਜ਼ਦਾਰ, ਸਹਿ ਕਰਜ਼ਦਾਰ ਅਤੇ ਗਿਰਵੀਕਾਰ ਤੋਂ ਵਸੂਲਣ ਲਈ ਵੇਚੀ ਜਾਵੇਗੀ। ਕਰਜ਼ਦਾਰ, ਸਹਿ ਕਰਜ਼ਦਾਰ ਅਤੇ ਗਿਰਵੀਕਾਰਾਂ ਦੇ ਵੇਰਵੇ, ਬਕਾਇਆ ਰਕਮ, ਅਚੱਲ ਜਾਇਦਾਦ/ਚੀਜ਼ਾਂ ਅਤੇ ਝੰਜਟਾਂ ਦਾ ਸੰਖੇਪ ਵੇਰਵਾ, ਉਸ 'ਤੇ ਜਾਣਿਆ ਜਾਂਦਾ ਹੈ, ਜੇਕਰ ਕੋਈ ਹੋਵੇ, ਰਿਜ਼ਰਵ ਕੀਮਤ, ਬਿਆਨਾ ਰਕਮ ਜਮ੍ਹਾਂ, ਬੋਲੀ ਵਾਧਾ, ਨਿਲਾਮੀ ਦੀ ਮਿਤੀ ਅਤੇ ਪੜਤਾਲ ਦੀ ਮਿਤੀ ਵੀ ਹੇਠ ਲਿਖੇ ਅਨੁਸਾਰ ਦਿੱਤੀ ਗਈ ਹੈ:

ਲੜੀ ਨੰ.	ਲੋਨ ਖਾਤਾ ਨੰ. ਟਰੱਸਟ ਦਾ ਨਾਮ ਅਤੇ ਅਸਾਈਨਰ/ਅਸਲ ਰਿਣਦਾਤਾ ਦਾ ਨਾਮ	ਕਰਜ਼ਦਾਰਾਂ/ਸਹਿ ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਦਾ ਨਾਮ	13(2) ਡਿਮਾਂਡ ਨੋਟਿਸ ਦੀ ਰਕਮ ਅਤੇ ਮਿਤੀ, ਕਬਜੇ ਨਾਲ ਸਬੰਧਤ ਵੇਰਵੇ ਵੀ	ਰਾਖਵੀਂ ਕੀਮਤ, ਈਐਮਡੀ, ਬੋਲੀ ਵਾਧਾ, ਬੋਲੀ ਫਾਰਮ ਜਮ੍ਹਾਂ ਕਰਨ ਦੀ ਆਖਰੀ ਮਿਤੀ	ਨਿਲਾਮੀ ਅਤੇ ਪੜਤਾਲ ਦੀ ਮਿਤੀ ਅਤੇ ਸਮਾਂ	ਸੰਪਰਕ ਵਿਅਕਤੀ ਦੇ ਵੇਰਵੇ ਏਓ ਅਤੇ ਸੇਵਾ ਪ੍ਰਦਾਤਾ
1	45839420003181 ਮੈਸ. ਜਨਾ ਸਮਾਲ ਫਾਈਨਾਂਸ ਬੈਂਕ ਲਿਮ. ਨਾਲ ਟਰੱਸਟ ਖਾਤਾ ਨੰ. ਐਸਏਆਰਸੀ ਟਰੱਸਟ-11 ਅਧੀਨ	1. ਸ੍ਰੀ ਲੱਛੀਰਾਮ ਪੁੱਤਰ ਦਯਾਰਾਮ (ਕਰਜ਼ਦਾਰ) 2. ਮੋਹਿਨੀ ਪਤਨੀ ਲੱਛੀਰਾਮ (ਸਹਿ-ਕਰਜ਼ਦਾਰ)	ਨੋਟਿਸ ਦੀ ਮਿਤੀ : 17.01.2026 ਲਈ ਇਕ ਰਕਮ ਰੁ. 13,28,932/- (ਤੇਰਾਂ ਲੱਖ ਅਠਾਈ ਹਜ਼ਾਰ ਨੌ ਸੌ ਬੱਤੀ ਰੁ. ਸਿਰਫ਼) ਬਕਾਇਆ 09.01.2026 ਨੂੰ ਕਬਜੇ ਦੀ ਕਿਸਮ ਅਤੇ ਮਿਤੀ : 27.08.2026, ਭੌਤਿਕ ਕਬਜ਼ਾ	ਰਾਖਵੀਂ ਕੀਮਤ : ਰੁ. 10,92,000/- ਬੋਲੀ ਵਾਧਾ : ਰੁ. 50,000/- ਈਐਮਡੀ ਰਕਮ : ਰੁ. 1,09,200/- (ਰਾਖਵੀਂ ਕੀਮਤ ਦਾ 10%) ਈਐਮਡੀ ਜਮ੍ਹਾਂ ਕਰਨ ਲਈ ਆਖਰੀ ਮਿਤੀ ਅਤੇ ਸਮਾਂ : 16.11.2026 ਨੂੰ ਸਵੇਰੇ 09.30 ਵਜੇ ਤੋਂ ਸ਼ਾਮ 05.00 ਵਜੇ ਤੱਕ	ਨਿਲਾਮੀ ਦੀ ਮਿਤੀ ਅਤੇ ਸਮਾਂ : 17.11.2026 ਸਵੇਰੇ 11.30 ਵਜੇ ਤੋਂ ਸ਼ਾਮ 04.30 ਵਜੇ ਤੱਕ ਪੜਤਾਲ ਦੀ ਮਿਤੀ ਅਤੇ ਸਮਾਂ : 05.11.2026 ਨੂੰ ਸਵੇਰੇ 11.30 ਵਜੇ ਤੋਂ ਸ਼ਾਮ 04.30 ਵਜੇ ਤੱਕ JSFBL/SARPL ਦੀ ਜਾਣਕਾਰੀ ਅਨੁਸਾਰ ਕੋਈ ਝੰਜਟ : ਪਤਾ ਨਹੀਂ	ਡੀਲਿੰਗ ਅਫ਼ਸਰ ਦਾ ਨਾਮ ਸ੍ਰੀ ਰਾਜਨ ਨਾਇਕ - 6362951653 ਸ੍ਰੀ ਸ਼ਸ਼ੀ ਕੁਮਾਰ - 8700277112 ਸ੍ਰੀ ਕੌਸ਼ਿਕ ਬੀ- 7019949040 ਸੁਮੇਸ਼ ਮਿੱਤਲ- 9993587797 ਰਾਮਪਾਲ ਗੌਤਮ- 9625977792
	ਗਿਰਵੀ ਜਾਇਦਾਦ ਦਾ ਵੇਰਵਾ ਸਾਰੇ ਜਰੂਰੀ ਅਤੇ ਅਹਿਮ ਹਿੱਸੇ ਗਿਰਵੀ ਜਾਇਦਾਦ ਜੋ ਕਿ ਮਕਾਨ ਨੰ. 599, ਮਿਣਤੀ 3.75ਮਰਲੇ (ਮਰਲਾ ਮਿਣਤੀ 207ਵ.ਫ਼ੁੱਟ) ਵਾਕਿਆ ਈਸ਼ਵਰ ਕਲੋਨੀ (ਗ੍ਰੀਨ ਐਵੀਨਿਊ), ਬਸਤੀ ਸ਼ੇਖ ਜਲੰਧਰ, ਵਿੱਚ ਸ਼ਾਮਲ ਖਸਰਾ ਨੰ. 3554/586, 3558/587, 3561/590, 3572/594, 3569/594, 3573/595, ਸਾਲ 2020-21 ਲਈ ਜਮਾਂਬੰਦੀ ਅਨੁਸਾਰ, ਦਸਤਾਵੇਜ਼ ਨੰ. 2025-25/187/1/9933 ਮਿਤੀ 19.12.2024, ਮਲਕੀਅਤ ਸ੍ਰੀਮਤੀ ਮੋਹਿਨੀ ਪਤਨੀ ਲੱਛੀਰਾਮ, ਹੱਦਾਂ: ਪੂਰਬ: ਸੁਨੀਲ ਕੁਮਾਰ, ਮਕਾਨ ਨੰ. 599, ਪੱਛਮ: ਕੁਲਦੀਪ ਕੁਮਾਰ, ਮਕਾਨ ਨੰ. 600, ਉਤਰ: ਗਲੀ, ਦੱਖਣ: ਕਰਤਾਰ ਸਿੰਘ।					

1) ਵਿਕਰੀ ਦੇ ਵਿਸਥਾਰਤ ਨਿਯਮਾਂ ਅਤੇ ਸ਼ਰਤਾਂ ਲਈ, ਬੋਲੀ ਫਾਰਮ ਅਤੇ ਹੋਰ ਸਕਿਓਰਡ ਕ੍ਰੈਡੀਟਰ/ਅਸਾਈਨੀ/ਮੈਸ. ਸ਼੍ਰੀਰਾਮ ਐਸੇਟ ਰੀਕੰਸਟਰੱਕਸ਼ਨ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ https://www.shriramarc.com 'ਤੇ ਜਾਂ ਸਾਡੀ ਨਿਲਾਮੀ ਏਜੰਸੀ ਦੀ ਵੈੱਬਸਾਈਟ https://bankauctions.in / www.foreclosureindia.com 'ਤੇ ਜਿਸ ਦਾ ਦਫਤਰ ਹੈਦਰਾਬਾਦ ਵਿੱਚ 'ਤੇ ਜਾਓ। ਕਿਸੇ ਵੀ ਸਹਾਇਤਾ ਲਈ, ਤੁਸੀਂ id: info@bankauctions.in / adesh@bankauctions.in 'ਤੇ ਈਮੇਲ ਕਰ ਸਕਦੇ ਹੋ ਜਾਂ ਸਾਡੇ ਵਪਾਰਕ ਭਾਈਵਾਲ ਮੈਸ. ਜਨਾ ਸਮਾਲ ਫਾਈਨੈਂਸ ਬੈਂਕ ਲਿਮਟਿਡ ਨੂੰ ਹੇਠ ਟੇਬਲ ਵਿਚ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ। ਇਹ ਸ਼ਰਤਾਂ ਬੋਲੀ ਫਾਰਮ ਸਮੇਤ ਬੋਲੀਕਾਰਾਂ ਵਲੋਂ ਹਸਤਾਖਰ ਕੀਤੇ ਜਾਣੇ ਚਾਹੀਦੇ ਹਨ। ਮੌਜੂਦਾ ਨੋਟਿਸ ਅਧਿਕਾਰਤ ਅਧਿਕਾਰੀ/ਸਕਿਓਰਡ ਕ੍ਰੈਡੀਟਰ ਦੀ ਅਧਿਕਾਰਤ ਵੈੱਬਸਾਈਟ 'ਤੇ ਵੀ ਅਪਲੋਡ ਕੀਤਾ ਗਿਆ ਹੈ।
2) ਇੱਛੁਕ ਬੋਲੀਕਾਰ/ਾਂ ਨੂੰ SARC-TRUST-11 ਦੇ ਨਾਮ 'ਤੇ ਡੀਡੀ ਰਾਹੀਂ ਆਪਣੀ ਈਐਮਡੀ ਰਕਮ ਜਮ੍ਹਾਂ ਕਰਨ ਅਤੇ SARC-TRUST-11, ਬੈਂਕ ਦਾ ਨਾਮ: ਆਈਸੀਆਈਸੀਆਈ ਬੈਂਕ ਲਿਮਟਿਡ; ਬ੍ਰਾਂਚ ਦਾ ਪਤਾ: ਮੁੰਬਈ - ਕਮਾਨੀ ਕੁਰਲਾ ਵੈਸਟ; ਬੈਂਕ ਖਾਤਾ ਨੰਬਰ: 196205004653; ਆਈਐਫਐਸਸੀ ਕੋਡ- ਆਈਸੀਆਈਸੀ0001962 ਦੇ ਪੱਖ ਵਿਚ ਆਰਟੀਜੀਐਸ/ਐਨਈਐਫਟੀ ਰਾਹੀਂ ਜਮ੍ਹਾਂ ਕਰਨ।

ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੀ ਧਾਰਾ (ਰੂਲ 8(6) ਅਧੀਨ 30 ਦਿਨਾਂ ਦਾ ਕਾਨੂੰਨੀ ਵਿਕਰੀ ਨੋਟਿਸ

ਕਰਜ਼ਦਾਰਾਂ/ਗਿਰਵੀਕਾਰਾਂ/ਗਰੰਟਰਾਂ ਨੂੰ ਉਪਰ ਦਰਸਾਈ ਰਕਮ ਸਮੇਤ ਮਿਤੀ ਤੱਕ ਵਿਆਜ ਅਤੇ ਫੁਟਕਲ ਖਰਚੇ ਈ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਅਦਾ ਕਰਨ ਲਈ ਸੂਚਿਤ ਕੀਤਾ ਜਾਂਦਾ ਹੈ ਅਸਫਲ ਰਹਿਣ 'ਤੇ ਜਾਇਦਾਦ ਵੇਚੀ/ਨਿਲਾਮੀ ਕੀਤੀ ਜਾਵੇਗੀ ਅਤੇ ਬਕਾਇਆ ਜੇ ਕੋਈ ਹੈ, ਵਿਆਜ ਅਤੇ ਲਾਗਤ ਸਮੇਤ ਵਸੂਲਿਆ ਜਾਵੇਗਾ।

ਸਥਾਨ : ਜਲੰਧਰ
ਮਿਤੀ: 06.10.2026

ਸਹੀ/- ਅਧਿਕਾਰਤ ਅਫ਼ਸਰ, ਸ਼੍ਰੀਰਾਮ ਐਸੇਟ ਰੀਕੰਸਟਰਕਸ਼ਨ ਪ੍ਰਾਈਵੇਟ ਲਿਮਟਿਡ
(SARC ਟਰੱਸਟ-11 ਦੇ ਟਰੱਸਟੀ ਦੀ ਸਮਰੱਥਾ ਵਜੋਂ ਕੰਮ ਕਰਦਿਆਂ)